# WORKING ZEALOUSLY FOR FULFILLING THE DREAMS OF GREAT FREEDOM FIGHTERS AND MARTYRS: CM

## SAYS THOSE LEADERS WHO BOAST OF HAVING 56 INCHES CHEST ARE EVEN AFRAID OF ARVIND KEJRIWAL

## LEADERS WHO HAD DEFIED STATE AND HAD SHOWN GRAVE DISRESPECT TO SRI GURU GRANTH SAHIB ARE NOW PAYING FOR THEIR SINS

## ASSERTS THAT PRESSURE TACTICS BY CORRUPT OFFICERS TO HARASS THE COMMON MAN ARE INTOLERABLE

Ludhiana, March 18:

Punjab Chief Minister Bhagwant Singh Mann on Tuesday said that the state government is working tirelessly for realizing the dreams of the great freedom fighters and martyrs.

Addressing the gathering in the Indoor Stadium here today, the Chief Minister, accompanied by National Convener of Aam Aadmi Party (AAP) Arvind Kejriwal said that every action of the state government is aimed at the well being of the common man. He said that education, health, power and other sectors had acquired a centre stage in the political agenda of the parties due to the concerted efforts of AAP and its national convener Arvind Kejriwal. He said that prior to this none of the political parties had ever bothered about these core sectors that are most important for every common man adding that due to such works even those leaders who boast of having 56 inches chest are afraid of him.

The Chief Minister said that the people of state had given a huge verdict to AAP by electing 92 MLAs in the Punjab Assembly during 2022 Vidhan Sabha polls. He said that the leaders who had defied the state and had shown grave disrespect to Sri Guru Granth Sahib are now paying for their sins. Bhagwant Singh Mann said that those who claimed that they will rule for 25 years don’t have 25 leaders with them now as people had taught them a befitting lesson for their misdeeds.

The Chief Minister said that the state government is cleaning the mess created by the previous regimes. He said that the drug mafia was patronized by the earlier governments but his government has launched a crusade against drugs. Bhagwant Singh Mann said meticulous planning has been done to wipe out the menace of drugs from the state and now war against drugs has begun.

The Chief Minister said that apart from snapping the supply lines of drugs the state government has put the big fishes involved in this crime behind the bars. He said that apart from this due focus is being laid on the rehabilitation of the victims of drugs. Bhagwant Singh Mann said that now the property of the drug peddlers is being seized and destroyed adding that this noble cause cannot be accomplished without active public support.

Citing the example of Narangwal village where illegal property of drug smugglers was razed last week, the Chief Minister said that the properties of the drug smugglers are being confiscated/ razed. He said that the state government has adopted a zero tolerance policy against drugs and a decisive war has been launched to wipe out this menace. Bhagwant Singh Mann said that the war against drugs is being transformed into a mass movement so that Punjab can be made completely drug free.

Similarly, the Chief Minister said that the state government has crackdown against the corrupt officers in Punjab. He said that those officers who were seeking license for corruption by going on mass leave in support of their dishonest officers have been shifted. Bhagwant Singh Mann said that the pressure tactics by harassing the common man is unwarranted and undesirable adding that this will not be tolerated at any cost.

The Chief Minister reiterated that the traditional parties are envious of him because he hails from a common family and is working tirelessly to ensure welfare of people. Bhagwant Singh Mann said that these leaders had always believed that they have divine right to rule the state due to which they are not able to digest that a common man is running the state efficiently. He said that these leaders have befooled the people for a long time but now people are not getting swayed by their misleading propaganda.

The Chief Minister said that Punjabis are excelling in every field and are proving their mettle across the globe. He said that the captain of the Indian Women Cricket team hails from Punjab adding that majority of the Hockey players in Indian team are from the state. Bhagwant Singh Mann said that the state government is providing every necessary infrastructure to the sports for grooming them well for the national and international events.

Earlier, Chief Minister Bhagwant Singh Mann, Arvind Kejriwal, Cabinet Minister Dr. Balbir Singh and Rajya Sabha MP Sanjeev Arora welcomed the dignitaries and felicitated the business tycoons present in the function.

-----------

**ਮੁੱਖ ਮੰਤਰੀ ਦਫ਼ਤਰ, ਪੰਜਾਬ**

**ਮਹਾਨ ਸੁਤੰਤਰਤਾ ਸੈਨਾਨੀਆਂ ਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਤਸ਼ਾਹ ਨਾਲ ਕੰਮ ਕਰ ਰਹੇ ਹਾਂ: ਮੁੱਖ ਮੰਤਰੀ**

**56 ਇੰਚ ਦੀ ਛਾਤੀ ਹੋਣ ਦੇ ਦਮਗਜ਼ੇ ਮਾਰਨ ਵਾਲੇ ਆਗੂ ਵੀ ਅਰਵਿੰਦ ਕੇਜਰੀਵਾਲ ਤੋਂ ਖ਼ੌਫ਼ਜ਼ਦਾ**
**ਸੂਬੇ ਦੇ ਹਿੱਤਾਂ ਨੂੰ ਤਿਲਾਂਜਲੀ ਦੇਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਆਗੂ ਆਪਣੇ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਨੇ**
**ਆਮ ਆਦਮੀ ਨੂੰ ਪ੍ਰੇਸ਼ਾਨ ਕਰਨ ਲਈ ਦਬਾਅ ਪਾਉਣ ਵਾਲੇ ਭ੍ਰਿਸ਼ਟ ਅਫ਼ਸਰਾਂ ਦੇ ਹਥਕੰਡੇ ਬਰਦਾਸ਼ਤ ਨਹੀਂ ਹੋਣਗੇ**

**ਲੁਧਿਆਣਾ, 18 ਮਾਰਚ:**

**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਆਖਿਆ ਕਿ ਮਹਾਨ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੂਬਾ ਸਰਕਾਰ ਦਿਨ-ਰਾਤ ਮਿਹਨਤ ਕਰ ਰਹੀ ਹੈ।**

ਇੱਥੇ ਇੰਡੋਰ ਸਟੇਡੀਅਮ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਹਰੇਕ ਕਦਮ ਆਮ ਲੋਕਾਂ ਦੀ ਭਲਾਈ ਦੇ ਮੰਤਵ ਨਾਲ ਚੁੱਕਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਸਿੱਖਿਆ, ਸਿਹਤ, ਬਿਜਲੀ ਅਤੇ ਹੋਰ ਖ਼ੇਤਰ ਪਹਿਲੀ ਦਫ਼ਾ ਸਿਆਸੀ ਪਾਰਟੀਆਂ ਦੇ ਏਜੰਡੇ ਵਿੱਚ ਕੇਂਦਰ ਬਿੰਦੂ ਬਣੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਵੀ ਸਿਆਸੀ ਪਾਰਟੀ ਨੂੰ ਆਮ ਆਦਮੀ ਲਈ ਬੇਹੱਦ ਲਾਜ਼ਮੀ ਇਨ੍ਹਾਂ ਅਹਿਮ ਖ਼ੇਤਰਾਂ ਦੀ ਰੱਤੀ ਭਰ ਵੀ ਪਰਵਾਹ ਨਹੀਂ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਦਮਾਂ ਕਾਰਨ ਹੀ 56 ਇੰਚ ਦੀ ਛਾਤੀ ਹੋਣ ਦੇ ਦਮਗਜ਼ੇ ਮਾਰਨ ਵਾਲੇ ਲੀਡਰ ਹੁਣ ਅਰਵਿੰਦ ਕੇਜਰੀਵਾਲ ਤੋਂ ਡਰੇ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ 92 ਵਿਧਾਇਕ ਜਿਤਾ ਕੇ ਵੱਡਾ ਫਤਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਿਹੜੇ ਲੀਡਰਾਂ ਨੇ ਸੂਬੇ ਦੇ ਹਿੱਤਾਂ ਨੂੰ

ਤਿਲਾਂਜਲੀ ਦਿੱਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ, ਉਹ ਹੁਣ ਆਪਣੇ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਆਗੂ 25 ਸਾਲ ਰਾਜ ਕਰਨ ਦੇ ਦਾਅਵੇ ਕਰਦੇ ਸਨ, ਉਨ੍ਹਾਂ ਕੋਲ ਹੁਣ 25 ਲੀਡਰ ਵੀ ਨਹੀਂ ਹਨ ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਲਈ ਢੁਕਵਾਂ ਸਬਕ ਸਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਪੈਦਾ ਕੀਤੀ ਗੜਬੜ ਨੂੰ ਸੂਬਾ ਸਰਕਾਰ ਦਰੁਸਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰਾਂ ਨਸ਼ਾ ਤਸਕਰਾਂ ਦੀ ਪੁਸ਼ਤ-ਪਨਾਹੀ ਕਰਦੀਆਂ ਸਨ ਪਰ ਹੁਣ ਸਾਡੀ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਵਿੱਢੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਬਾਰੀਕੀ ਨਾਲ ਯੋਜਨਾਬੰਦੀ ਕੀਤੀ ਗਈ ਹੈ ਅਤੇ ਨਸ਼ਿਆਂ ਵਿਰੁੱਧ ਜੰਗ ਛੇੜੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਤੋਂ ਇਲਾਵਾ ਸੂਬਾ ਸਰਕਾਰ ਨੇ ਇਸ ਜੁਰਮ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨਸ਼ਾ ਪੀੜਤਾਂ ਦੇ ਮੁੜ-ਵਸੇਬੇ ਉਤੇ ਵੀ ਧਿਆਨ ਕੇਂਦਰਤ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਨਸ਼ਾ ਤਸਕਰਾਂ ਦੀ ਜਾਇਦਾਦ ਨੂੰ ਜ਼ਬਤ ਤੇ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਨੂੰ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਜਾਰੀ ਨਹੀਂ ਰੱਖਿਆ ਜਾ ਸਕਦਾ।

ਮੁੱਖ ਮੰਤਰੀ ਨੇ ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ ਪਿੰਡ ਦੀ ਮਿਸਾਲ ਦਿੱਤੀ ਜਿੱਥੇ ਪਿਛਲੇ ਹਫ਼ਤੇ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਜਾਇਦਾਦ ਨੂੰ ਢਾਹ ਦਿੱਤਾ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਜਾਂ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੋਈ ਹੈ ਅਤੇ ਇਸ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਫੈਸਲਾਕੁੰਨ ਜੰਗ ਸ਼ੁਰੂ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਿਆ ਜਾ ਰਿਹਾ ਹੈ ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ।
ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀ ਆਪਣੇ ਭ੍ਰਿਸ਼ਟ ਅਧਿਕਾਰੀਆਂ ਦੇ ਸਮਰਥਨ ਵਿੱਚ ਸਮੂਹਿਕ ਛੁੱਟੀ 'ਤੇ ਜਾ ਕੇ ਭ੍ਰਿਸ਼ਟਾਚਾਰ ਦਾ ਲਾਇਸੈਂਸ ਮੰਗ ਰਹੇ ਸਨ, ਉਨ੍ਹਾਂ ਨੂੰ ਬਦਲ ਦਿੱਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਨੂੰ ਖੱਜਲ-ਖੁਆਰ ਕਰਨ ਦੀਆਂ ਚਾਲਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**ਮੁੱਖ ਮੰਤਰੀ ਨੇ ਦੁਹਰਾਇਆ ਕਿ ਰਵਾਇਤੀ ਪਾਰਟੀਆਂ ਉਨ੍ਹਾਂ ਨਾਲ ਈਰਖਾ ਕਰਦੀਆਂ ਹਨ ਕਿਉਂਕਿ ਉਹ ਇਕ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਆਸੀ ਆਗੂ ਮੰਨਦੇ ਹਨ ਕਿ ਉਨ੍ਹਾਂ ਕੋਲ ਸੱਤਾ ਵਿੱਚ ਰਹਿਣ ਦਾ ਇਲਾਹੀ ਹੱਕ ਹੈ, ਜਿਸ ਕਰ ਕੇ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਇਕ ਆਮ ਆਦਮੀ ਸੂਬੇ ਦਾ ਸ਼ਾਸਨ ਸ਼ਾਨਦਾਰ ਢੰਗ ਨਾਲ ਕਿਵੇਂ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਜ਼ਾਦੀ ਦੇ ਬਾਅਦ ਤੋਂ ਲੋਕਾਂ ਨੂੰ ਮੂਰਖ ਬਣਾ ਕੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰੱਖਿਆ ਹੈ, ਜਿਸ ਕਾਰਨ ਲੋਕਾਂ ਨੇ ਇਨ੍ਹਾਂ ਨੂੰ ਸਿਆਸਤ ਤੋਂ ਬਾਹਰ ਕਰ ਦਿੱਤਾ।**
**ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਦੁਨੀਆ ਭਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਪੰਜਾਬ ਤੋਂ ਹੈ ਅਤੇ ਭਾਰਤੀ ਟੀਮ ਵਿੱਚ ਜ਼ਿਆਦਾਤਰ ਹਾਕੀ ਖਿਡਾਰੀ ਸੂਬੇ ਤੋਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਖੇਡਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਲੋੜੀਂਦਾ ਬੁਨਿਆਦੀ ਢਾਂਚਾ ਪ੍ਰਦਾਨ ਕਰ ਰਹੀ ਹੈ।**
**ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਰਵਿੰਦ ਕੇਜਰੀਵਾਲ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸਮਾਗਮ ਵਿੱਚ ਮੌਜੂਦ ਕਾਰੋਬਾਰੀਆਂ ਦਾ ਸਨਮਾਨ ਕੀਤਾ।**

------------

मुख्यमंत्री कार्यालय, पंजाब

**महान स्वतंत्रता सेनानियों और शहीदों के सपनों को साकार करने के लिए उत्साह से कर रहे हैं कार्य: मुख्यमंत्री**

**56 इंच की छाती का दम भरने वाले नेता भी अरविंद केजरीवाल से भयभीत**

**प्रदेश के हितों को तिलांजलि देने वाले और श्री गुरु ग्रंथ साहिब की बेअदबी करने वाले नेता अपने अपराधों की सजा भुगत रहे हैं**

**आम आदमी को परेशान करने के लिए दबाव डालने वाले भ्रष्ट अधिकारियों के हथकंडे बर्दाश्त नहीं होंगे**

**लुधियाना, 18 मार्च**

पंजाब के मुख्यमंत्री भगवंत सिंह मान ने मंगलवार को कहा कि महान स्वतंत्रता सेनानियों और शहीदों के सपनों को साकार करने के लिए राज्य सरकार दिन-रात मेहनत कर रही है।
यहां इंडोर स्टेडियम में एक जनसभा को संबोधित करते हुए, आम आदमी पार्टी (आप) के राष्ट्रीय संयोजक अरविंद केजरीवाल की उपस्थिति में मुख्यमंत्री ने कहा कि राज्य सरकार का हर कदम आम जनता की भलाई के उद्देश्य से उठाया जाता है। उन्होंने कहा कि आम आदमी पार्टी और अरविंद

केजरीवाल के निरंतर प्रयासों के कारण शिक्षा, स्वास्थ्य, बिजली और अन्य बुनियादी क्षेत्र पहली बार राजनीतिक पार्टियों के एजेंडे के केंद्र में आए हैं। उन्होंने कहा कि इससे पहले किसी भी राजनीतिक दल ने आम आदमी की इन महत्वपूर्ण जरूरतों की परवाह नहीं की थी। उन्होंने कहा कि इन्हीं प्रयासों के कारण 56 इंच की छाती का दावा करने वाले नेता अब अरविंद केजरीवाल से डर रहे हैं।
मुख्यमंत्री ने कहा कि राज्य के लोगों ने 2022 के विधानसभा चुनावों में पंजाब की जनता ने आम आदमी पार्टी को 92 सीटें देकर स्पष्ट जनादेश दिया था। उन्होंने कहा कि वे नेता जिन्होंने राज्य के हितों को तिलांजलि दी और श्री गुरु ग्रंथ साहिब की बेअदबी की, वे आज अपने अपराधों की सजा भुगत रहे हैं। भगवंत सिंह मान ने कहा कि जो लोग 25 साल तक सत्ता में रहने का दावा कर रहे थे, उनके पास अब 25 नेता भी नहीं बचे हैं क्योंकि जनता ने उन्हें उनके कर्मों की सजा दे दी है।
मुख्यमंत्री ने कहा कि पिछली सरकारों द्वारा पैदा की गई अव्यवस्था को राज्य सरकार ठीक कर रही है। उन्होंने कहा कि पहले की सरकारें नशा तस्करों को संरक्षण देती थी, लेकिन अब हमारी सरकार ने नशे के खिलाफ युद्ध छेड़ दिया है। भगवंत सिंह मान ने कहा कि राज्य में नशे के उन्मूलन के लिए गहरी योजना बनाई गई है और इसके खिलाफ निर्णायक लड़ाई शुरू की गई है।
मुख्यमंत्री ने कहा कि नशे की सप्लाई चेन को तोड़ने के अलावा, राज्य सरकार ने इस अपराध में शामिल बड़े अपराधियों को सलाखों के पीछे भेजा है। उन्होंने यह भी कहा कि सरकार का ध्यान नशा पीड़ितों के पुनर्वास पर भी केंद्रित है। भगवंत सिंह मान ने कहा कि अब नशा तस्करों की संपत्तियों को जब्त किया जा रहा है और अवैध निर्माण गिराए जा रहे हैं। उन्होंने कहा कि इस अभियान को जनता के सहयोग के बिना जारी नहीं रखा जा सकता।
मुख्यमंत्री ने लुधियाना जिले के नारंगवाल गांव का उदाहरण दिया, जहां पिछले हफ्ते एक नशा तस्कर की अवैध संपत्ति को ध्वस्त कर दिया गया था। मुख्यमंत्री ने कहा कि नशा तस्करों की संपत्तियों को जब्त करने या गिराने की कार्रवाई जारी है। उन्होंने कहा कि राज्य सरकार ने नशे के खिलाफ किसी भी प्रकार की नरमी न बरतने की नीति अपनाई है और इसे जड़ से खत्म करने के लिए निर्णायक लड़ाई शुरू की गई है। भगवंत सिंह मान ने कहा कि नशे के खिलाफ इस युद्ध को जन आंदोलन में बदला जा रहा है ताकि पंजाब को पूरी तरह नशामुक्त बनाया जा सके।
मुख्यमंत्री ने कहा कि पंजाब सरकार ने राज्य में भ्रष्ट अधिकारियों के खिलाफ सख्त कार्रवाई की है। उन्होंने कहा कि जो अधिकारी अपने भ्रष्ट सहकर्मियों के समर्थन में सामूहिक अवकाश लेकर भ्रष्टाचार का लाइसेंस मांग रहे थे, उन्हें हटा दिया गया है। भगवंत सिंह मान ने कहा कि आम जनता को परेशान करने वाली किसी भी साजिश को बर्दाश्त नहीं किया जाएगा।
मुख्यमंत्री ने दोहराया कि पारंपरिक पार्टियां उनसे ईर्ष्या करती हैं क्योंकि वे एक साधारण परिवार से आते हैं। उन्होंने कहा कि ये राजनीतिक नेता मानते हैं कि सत्ता में बने रहने का उनका जन्मसिद्ध अधिकार है, इसलिए वे यह बर्दाश्त नहीं कर पा रहे हैं कि एक आम आदमी राज्य को शानदार तरीके से चला रहा है। उन्होंने कहा कि इन नेताओं ने आजादी के बाद से जनता को मूर्ख बनाकर बुनियादी सुविधाओं से वंचित रखा, जिसके कारण लोगों ने उन्हें राजनीति से बाहर कर दिया।
मुख्यमंत्री ने कहा कि पंजाबी हर क्षेत्र में शानदार प्रदर्शन कर रहे हैं और दुनिया भर में अपनी काबिलियत साबित कर रहे हैं। उन्होंने कहा कि भारतीय महिला क्रिकेट टीम की कप्तान पंजाब से हैं और भारतीय हॉकी टीम में भी ज्यादातर खिलाड़ी इसी राज्य से हैं। भगवंत सिंह मान ने कहा कि राज्य सरकार खेलों को राष्ट्रीय और अंतरराष्ट्रीय स्तर की प्रतियोगिताओं के लिए तैयार करने हेतु आवश्यक बुनियादी ढांचा प्रदान कर रही है।
इससे पहले, मुख्यमंत्री भगवंत सिंह मान, अरविंद केजरीवाल, स्वास्थ्य मंत्री डॉ. बलबीर सिंह और राज्यसभा सदस्य संजीव अरोड़ा ने उपस्थित गणमान्य व्यक्तियों का स्वागत किया और समारोह में मौजूद व्यापारियों का सम्मान किया।
------------